ਦਫਤਰ ਸੀਨੀਅਰ ਕਪਤਾਨ ਪੁਲਿਸ,
ਜਿਲ੍ਹਾ ਬਠਿੰਡਾ

@bathindapolice

# ਪ੍ਰੈੱਸ ਨੋਟ
**13.02.2025**

## ਬਠਿੰਡਾ ਪੁਲਿਸ ਨੇ ਅੰਨ੍ਹੇ ਕਤਲ ਦੀ ਗੁੱਥੀ ਨੂੰ 24 ਘੰਟਿਆਂ ਵਿੱਚ ਸੁਲਝਾ ਕੇ 3 ਦੋਸ਼ੀਆਂ ਨੂੰ ਕੀਤਾ ਕਾਬੂ

**ਮੁਕੱਦਮਾ ਨੰਬਰ 25 ਮਿਤੀ 12/02/2025 ਅ/ਧ 103(1),3(5) ਬੀ ਐਨ ਐਸ ਥਾਣਾ ਸਦਰ ਬਠਿੰਡਾ**

ਅਮਨੀਤ ਕੌਂਡਲ ਆਈ.ਪੀ.ਐੱਸ, ਸੀਨੀਅਰ ਕਪਤਾਨ ਪੁਲਿਸ, ਬਠਿੰਡਾ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼੍ਰੀ ਨਰਿੰਦਰ ਸਿੰਘ, ਪੀ.ਪੀ.ਐੱਸ, ਐੱਸ.ਪੀ (ਸਿਟੀ.) ਬਠਿੰਡਾ, ਸ਼੍ਰੀ ਅਨੁਭਵ ਜੈਨ, ਆਈ.ਪੀ.ਐਸ, ਏ.ਐਸ.ਪੀ ਬਠਿੰਡਾ, ਜੀ ਦੀ ਰਹਿਨੁਮਾਈ ਹੇਠ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਸ਼੍ਰੀ ਮਨਜੀਤ ਸਿੰਘ, ਪੀ.ਪੀ.ਐੱਸ, ਉਪ ਕਪਤਾਨ ਪੁਲਿਸ (ਡੀ) ਬਠਿੰਡਾ ਜੀ ਦੀ ਅਗਵਾਈ ਵਿੱਚ ਅਤੇ ਇੰਚਾਰਜ ਸੀ.ਆਈ.ਏ-1 ਬਠਿੰਡਾ ਅਤੇ ਇੰਚਾਰਜ ਚੌਂਕੀ ਇੰਡਸਟਰੀਅਲ ਏਰੀਆ ਥਾਣਾ ਸਦਰ ਬਠਿੰਡਾ ਦੀ ਪੁਲਿਸ ਪਾਰਟੀ ਨੇ ਮੁਕੱਦਮਾ ਉੱਕਤ ਦੇ 03 ਕਾਤਲਾਂ ਨੂੰ ਗ੍ਰਿਫਤਾਰ ਕਰਕੇ ਸਫਲਤਾ ਹਾਸਲ ਕੀਤੀ।

**ਮਿਤੀ 11.02.2025** ਨੂੰ ਸ਼ਾਮ ਨੂੰ ਵਕਤ ਕਰੀਬ 05:45 ਸ਼ਾਮ ਨੂੰ ਜਾਵੇਦ ਅਲੀ ਪੁੱਤਰ ਮੁਹੰਮਦ ਅਲੀ ਵਾਸੀ ਗੰਗਾਸ਼ੇਰ ਲੋਹਾਰ ਕਲੋਨੀ ਨੋਖਾ ਰੋਡ ਬੀਕਾਨੇਰ ਰਾਜਸਥਾਨ ਉਮਰ ਕਰੀਬ 33 ਸਾਲ ਜੋ ਕਿ ਦੀਪਕ ਢਾਬਾ ਗਰੋਥ ਸੈਂਟਰ ਬਠਿੰਡਾ ਵਿਖੇ ਕੰਮ ਕਰਦਾ ਸੀ, ਦਾ ਤਿੰਨ ਨਾ ਮਾਲੂਮ ਵਿਅਕਤੀਆ ਵੱਲੋ ਸਿਰ ਵਿੱਚ ਇਟਾਂ-ਰੋੜੇ ਮਾਰ ਕੇ ਕਤਲ ਕਰ ਦਿੱਤਾ ਸੀ, ਅਤੇ ਮੌਕਾ ਤੇ ਫਰਾਰ ਹੋ ਗਏ ਸੀ।ਜਿਸ ਸਬੰਧੀ ਜਾਵੇਦ ਅਲੀ ਦੇ ਭਰਾ ਦੇ ਬਿਆਨ ਪਰ **ਮੁਕੱਦਮਾ ਨੰਬਰ 25 ਮਿਤੀ 12/02/2025 ਅ/ਧ 103(1),3(5) BNS ਥਾਣਾ ਸਦਰ ਬਠਿੰਡਾ** ਦਰਜ ਰਜਿਸਟਰ ਕੀਤਾ ਸੀ।ਦੌਰਾਨੇ ਤਫਤੀਸ ਮੌਕਾ ਤੋ ਤਿੰਨ ਰੋੜੇ ਬ੍ਰਾਮਦ ਕੀਤੇ ਗਏ ਸਨ। ਜਿਹਨਾਂ ਨਾਲ ਜਾਵੇਦ ਅਲੀ ਦੀ ਮੌਤ ਹੋ ਗਈ ਸੀ।ਦੌਰਾਨੇ ਤਫਤੀਸ਼ ਮਿਤੀ 12.02.2025 ਨੂੰ **ਸੰਦੀਪ ਕੁਮਾਰ ਪੁੱਤਰ ਨਰਿੰਦਰ ਠਾਕੁਰ ਵਾਸੀ ਸਿਲਵਰ ਸਿਟੀ ਕਲੋਨੀ ਬਠਿੰਡਾ,ਵਿਕਰਮਜੀਤ ਸਿੰਘ ਉਰਫ ਵਿੱਕੀ ਪੁੱਤਰ ਬਲਵਿੰਦਰ ਸਿੰਘ ਵਾਸੀ ਸਿਲਵਰ ਸਿਟੀ ਬਠਿੰਡਾ ਅਤੇ ਇੱਕ ਲੜਕਾ ਜੋ ਜੁਵਨਾਇਲ ਹੈ**, ਨੂੰ ਦੋਸ਼ੀ ਨਾਮਜਦ ਕਰਕੇ ਦੋਸ਼ੀਆਨ ਸੰਦੀਪ ਕੁਮਾਰ ਅਤੇ ਵਿਕਰਮਜੀਤ ਸਿੰਘ ਉਰਫ ਵਿੱਕੀ ਨੂੰ **ਨੇੜੇ ਰੇਲਵੇ ਲਾਈਨ ਬਾ ਹੱਦ ਗਰੋਥ ਸੈਂਟਰ ਬਠਿੰਡਾ ਤੋ ਕਾਬੂ ਕਰਕੇ ਗ੍ਰਿਫਤਾਰ ਕੀਤਾ ਗਿਆ** ਅਤੇ **ਅੱਜ ਮਿਤੀ 13.02.2025 ਨੂੰ ਤੀਸਰੇ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਜੋ ਕਿ ਜੁਵਨਾਇਲ ਹੈ।**

**ਵਜ੍ਹਾ ਰੰਜਿਸ਼:** ਦੌਰਾਨੇ ਪੁੱਛ-ਗਿੱਛ ਦੋਸ਼ੀਆਨ ਨੇ ਦੱਸਿਆ ਕਿ ਜਾਵੇਦ ਅਲੀ ਜੋ ਕਿ ਰੇਲਵੇ ਲਾਈਨਾਂ ਨੇੜੇ ਗਰੋਥ ਸੈਂਟਰ ਬਠਿੰਡਾ ਆਉਂਦਾ ਹੁੰਦਾ ਸੀ ਜਿੱਥੇ ਉਸ ਨਾਲ ਬਹਿਸਬਾਜੀ ਹੋ ਗਈ ਸੀ ਅਤੇ ਉਸ ਦੀ ਕੁੱਟਮਾਰ ਕਰਨ ਲਈ ਉਸਦੇ ਪਿੱਛੇ ਭੱਜੇ ਸੀ ਅਤੇ ਦੀਪਕ ਢਾਬੇ ਦੇ ਨੇੜੇ ਜਾ ਕੇ ਉਸ ਦੇ ਸਿਰ ਵਿੱਚ ਰੋੜੇ ਮਾਰੇ, ਜਿਹਨਾਂ ਨਾਲ ਉਸ ਦੀ ਮੌਤ ਹੋ ਗਈ ਸੀ।ਉਕਤਾਨ ਦੋਸ਼ੀਆਨ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ, ਜਿਹਨਾਂ ਤੋਂ ਡੂੰਘਾਈ ਨਾਲ ਪੁੱਛ ਕੀਤੀ ਜਾਵੇਗੀ, ਜਿਸ ਤੇ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ ।

**ਗ੍ਰਿਫਤਾਰੀ ਦੀ ਜਗ੍ਹਾ** - ਨੇੜੇ ਰੇਲਵੇ ਲਾਈਨ ਬਾ ਹੱਦ ਗਰੋਥ ਸੈਂਟਰ ਬਠਿੰਡਾ

**ਬ੍ਰਾਮਦਗੀ**- ਤਿੰਨ ਰੋੜੇ ਜਿਹਨਾਂ ਨਾਲ ਜਾਵੇਦ ਅਲੀ ਦੀ ਮੌਤ ਹੋਈ ਹੈ

**ਗ੍ਰਿਫਤਾਰ ਦੋਸ਼ੀਆਂ ਦਾ ਵੇਰਵਾ:-**

| ਲੜੀ ਨੰ. | ਦੋਸ਼ੀਆਂ ਦਾ ਨਾਮ ਅਤੇ ਵੇਰਵਾ | ਗ੍ਰਿਫਤਾਰੀ ਦੀ ਮਿਤੀ | ਦੋਸ਼ੀਆਂ ਦਾ ਕਿੱਤਾ |
|---|---|---|---|
| 1. | ਸੰਦੀਪ ਕੁਮਾਰ ਪੁੱਤਰ ਨਰਿੰਦਰ ਠਾਕੁਰ ਵਾਸੀ ਸਿਲਵਰ ਸਿਟੀ ਕਲੋਨੀ ਬਠਿੰਡਾ ਥਾਣਾ ਕੈਨਾਲ ਕਲੋਨੀ ਬਠਿੰਡਾ (ਉਮਰ ਕਰੀਬ 22 ਸਾਲ) | 12.02.2025 | ਪੈਲੇਸ ਵਿੱਚ ਵੇਟਰ ਦਾ ਕੰਮ ਕਰਦਾ ਸੀ। |
| 2. | ਵਿਕਰਮਜੀਤ ਸਿੰਘ ਉਰਫ ਵਿੱਕੀ ਪੁੱਤਰ ਬਲਵਿੰਦਰ ਸਿੰਘ ਵਾਸੀ ਨੇੜੇ ਧਰਮਸ਼ਾਲਾ, ਪਿੰਡ ਬਹਿਬਲ ਕਲਾਂ, ਜਿਲ੍ਹਾ ਫਰੀਦਕੋਟ ਹਾਲ ਅਬਾਦ ਸਿਲਵਰ ਸਿਟੀ ਕਲੋਨੀ ਬਠਿੰਡਾ ਥਾਣਾ ਕੈਨਾਲ ਕਲੋਨੀ ਬਠਿੰਡਾ (ਉਮਰ ਕਰੀਬ 20 ਸਾਲ) | 12.02.2025 | ਮਿਹਨਤ ਮਜਦੂਰੀ ਕਰਦਾ ਸੀ। |
| 3. | ਇੱਕ ਜੁਵਨਾਇਲ | 13.02.2025 | |

**ਗ੍ਰਿਫਤਾਰ ਦੋਸ਼ੀਆਂ ਖਿਲਾਫ ਪਹਿਲਾਂ ਦਰਜ ਮੁਕੱਦਮਿਆਂ ਦਾ ਵੇਰਵਾ:**

| ਲੜੀ ਨੰ. | ਦੋਸ਼ੀਆਂ ਦਾ ਨਾਮ ਅਤੇ ਵੇਰਵਾ | ਮੁਕੱਦਮਾ ਨੰਬਰ |
|---|---|---|
| 1. | ਸੰਦੀਪ ਕੁਮਾਰ ਪੁੱਤਰ ਨਰਿੰਦਰ ਠਾਕੁਰ ਵਾਸੀ ਸਿਲਵਰ ਸਿਟੀ ਕਲੋਨੀ ਬਠਿੰਡਾ ਥਾਣਾ ਕੈਨਾਲ ਕਲੋਨੀ ਬਠਿੰਡਾ (ਉਮਰ ਕਰੀਬ 22 ਸਾਲ) | ਕੋਈ ਨਹੀ |
| 2. | ਵਿਕਰਮਜੀਤ ਸਿੰਘ ਉਰਫ ਵਿੱਕੀ ਪੁੱਤਰ ਬਲਵਿੰਦਰ ਸਿੰਘ ਵਾਸੀ ਨੇੜੇ ਧਰਮਸ਼ਾਲਾ ਪਿੰਡ ਬਹਿਬਲ ਕਲਾਂ, ਜਿਲ੍ਹਾ ਫਰੀਦਕੋਟ ਹਾਲ ਅਬਾਦ ਸਿਲਵਰ ਸਿਟੀ ਕਲੋਨੀ ਬਠਿੰਡਾ ਥਾਣਾ ਕੈਨਾਲ ਕਲੋਨੀ ਬਠਿੰਡਾ (ਉਮਰ ਕਰੀਬ 20 ਸਾਲ) | ਕੋਈ ਨਹੀ |
| 3. | ਇੱਕ ਜੁਵਨਾਇਲ | ਕੋਈ ਨਹੀ |